# ਨਗਰ ਨਿਗਮ ਪਟਿਆਲਾ

ਨਗਰ ਨਿਗਮ ਪਟਿਆਲਾ ਦੀ ਬਜਟ ਮੀਟਿੰਗ: 02/03/2026 ਨੂੰ ਸਮਾਂ 02:30 PM ਵਜੇ ਸ੍ਰੀ ਕੁੰਦਨ ਗੋਗੀਆ,ਮੇਅਰ ਨਗਰ ਨਿਗਮ ਪਟਿਆਲਾਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:—

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| Ward 28 | ਹਰਿੰਦਰ ਕੋਹਲੀ , ਸੀਨੀਅਰ ਉਪ ਮੇਅਰ | Ward 18 | ਗਿਆਨ ਚੰਦ , ਕੌਂਸਲਰ | Ward 41 | ਅਮਨਪ੍ਰੀਤ ਕੌਰ, ਕੌਂਸਲਰ |
| Ward 12 | ਜਗਦੀਪ ਸਿੰਘ ਰਾਏ (ਜੱਗਾ), ਉਪ ਮੇਅਰ | Ward 19 | ਵਾਸੁਦੇਵ , ਕੌਂਸਲਰ | Ward 43 | ਰਮਨਪ੍ਰੀਤ ਕੌਰ, ਕੌਂਸਲਰ |
| Ward 01 | ਸੋਨੀਆ, ਕੌਂਸਲਰ | Ward 20 | ਅਰਵਿੰਦਰ ਸਿੰਘ , ਕੌਂਸਲਰ | Ward 44 | ਗੁਰਸ਼ਰਨ ਸਿੰਘ, ਕੌਂਸਲਰ |
| Ward 02 | ਹਰਵਿੰਦਰ ਸ਼ੁਕਲਾ , ਕੌਂਸਲਰ | Ward 21 | ਨਵਦੀਪ ਕੌਰ, ਕੌਂਸਲਰ | Ward 46 | ਜਗਤਾਰ ਸਿੰਘ, ਕੌਂਸਲਰ |
| Ward 03 | ਜਤਿੰਦਰ ਕੌਰ , ਕੌਂਸਲਰ | Ward 22 | ਨੇਹਾ ਸ਼ਰਮਾ, ਕੌਂਸਲਰ | Ward 47 | ਰੁਬੀਨਾ ਦੱਤਾ , ਕੌਂਸਲਰ |
| Ward 04 | ਮਨਦੀਪ ਸਿੰਘ , ਕੌਂਸਲਰ | Ward 23 | ਰੂਪਾਲੀ ਗਰਗ, ਕੌਂਸਲਰ | Ward 48 | ਰਾਜੇਸ਼ ਕੁਮਾਰ, ਕੌਂਸਲਰ |
| Ward 05 | ਦਵਿੰਦਰ ਕੌਰ , ਕੌਂਸਲਰ | Ward 24 | ਹਰੀ ਭਜਨ, ਕੌਂਸਲਰ | Ward 49 | ਨੇਹਾ ਸਿੱਧੂ, ਕੌਂਸਲਰ |
| Ward 06 | ਜਸਬੀਰ ਸਿੰਘ , ਕੌਂਸਲਰ | Ward 27 | ਜੋਤੀ ਮਰਵਾਹਾ, ਕੌਂਸਲਰ | Ward 50 | ਹਰਮਨਜੀਤ ਸਿੰਘ ਸੰਧੂ, ਕੌਂਸਲਰ |
| Ward 07 | ਕੁਲਬੀਰ ਕੌਰ , ਕੌਂਸਲਰ | Ward 29 | ਮੁਕਤਾ ਗੁਪਤਾ, ਕੌਂਸਲਰ | Ward 51 | ਕਿਰਨ ਅਹੂਜਾ, ਕੌਂਸਲਰ |
| Ward 08 | ਸ਼ੰਕਰ ਲਾਲ , ਕੌਂਸਲਰ | Ward 31 | ਪਦਮਜੀਤ ਕੌਰ, ਕੌਂਸਲਰ | Ward 52 | ਸਾਗਰ, ਕੌਂਸਲਰ |
| Ward 09 | ਨੇਹਾ, ਕੌਂਸਲਰ | Ward 32 | ਰਣਜੀਤ ਸਿੰਘ, ਕੌਂਸਲਰ | Ward 53 | ਵੰਦਨਾ ਜੋਸ਼ੀ, ਕੌਂਸਲਰ |
| Ward 10 | ਸ਼ਿਵਰਾਜ ਸਿੰਘ ਵਿਰਕ , ਕੌਂਸਲਰ | Ward 34 | ਤੇਜਿੰਦਰ ਮਹਿਤਾ, ਕੌਂਸਲਰ | Ward 54 | ਜਗਮੋਹਨ ਸਿੰਘ, ਕੌਂਸਲਰ |
| Ward 14 | ਗੁਰਕ੍ਰਿਪਾਲ ਸਿੰਘ , ਕੌਂਸਲਰ | Ward 35 | ਕਮਲੇਸ਼ ਕੁਮਾਰੀ, ਕੌਂਸਲਰ | Ward 55 | ਕੰਵਲਜੀਤ ਕੌਰ ਜੱਗੀ, ਕੌਂਸਲਰ |
| Ward 15 | ਤੇਜਿੰਦਰ ਕੌਰ , ਕੌਂਸਲਰ | Ward 37 | ਰੇਨੂ ਬਾਲਾ, ਕੌਂਸਲਰ | Ward 56 | ਇਤਵਿੰਦਰ ਸਿੰਘ, ਕੌਂਸਲਰ |
| Ward 16 | ਜਸਵੰਤ ਸਿੰਘ , ਕੌਂਸਲਰ | Ward 39 | ਅਨਮੋਲ ਬਾਤਿਸ਼, ਕੌਂਸਲਰ | Ward 58 | ਗੁਰਜੀਤ ਸਿੰਘ ਸਾਹਨੀ, ਕੌਂਸਲਰ |
| Ward 17 | ਪਰਮਜੀਤ ਕੌਰ , ਕੌਂਸਲਰ | Ward 40 | ਅਨੁਜ ਖੋਸਲਾ, ਕੌਂਸਲਰ | Ward 60 | ਨਰੇਸ਼ ਕੁਮਾਰ ਦੁੱਗਲ, ਕੌਂਸਲਰ |

| Sr. No | Resolution No. | Date of Meeting | Resolution Description | Orders of Competent Authority |
|---|---|---|---|---|
| 1 | 126 | 02/03/2026 | **ਨਗਰ ਨਿਗਮ ਪਟਿਆਲਾ ਦੇ ਬਜਟ ਸਾਲ 2026-27 ਦੇ ਸਬੰਧ ਵਿੱਚ। :-**<br><br>ਰਿਪੋਰਟ ਡੀ.ਸੀ.ਐਫ.ਏ. ਕਿ ਨਗਰ ਨਿਗਮ ਪਟਿਆਲਾ ਦਾ ਸਾਲ 2026-27 ਦਾ ਬਜਟ ਤਿਆਰ ਕੀਤਾ ਗਿਆ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br>1. **ਬਜਟ ਦਾ ਆਧਾਰ:-**<br><br>ਨਗਰ ਨਿਗਮ ਪਟਿਆਲਾ ਦਾ ਵਿੱਤੀ ਸਾਲ 2026-27 ਦਾ ਬਜਟ ਸਾਲ 2025-26 ਦੀ ਆਮਦਨ ਅਤੇ ਖਰਚੇ ਨੂੰ ਅਧਾਰ ਬਣਾ ਕੇ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ, ਸਥਾਨਕ ਸਰਕਾਰ, ਵਿਭਾਗ (ਲੇਖਾ ਸ਼ਾਖਾ) ਦੇ ਮੀਮੋ ਨੰਬਰ ਲੇਖਾ–6–ਉਕਵਲ–ਡਸਸ–(454)–24/78729 ਮਿਤੀ 20/12/2025 ਸਾਲ 2026-27 ਦਾ ਬਜਟ ਤਿਆਰ ਕਰਨ ਸਬੰਧੀ ਕੀਤੀਆ ਹਦਾਇਤਾਂ ਨੂੰ ਧਿਆਨ ਵਿਚ ਰੱਖ ਕੇ ਬਜਟ ਤਿਆਰ ਕੀਤਾ ਹੈ। ਇਹ ਬਜਟ ਪੰਜਾਬ ਨਗਰ ਨਿਗਮ ਐਕਟ 1976 ਦੇ ਨਿਯਮ 87 (2) ਅਤੇ 86 (1) ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਪੰਜਾਬ ਜੀ ਵੱਲੋ ਪ੍ਰਵਾਨ ਕੀਤਾ ਗਿਆ ਸੀ। ਸਾਲ 2025-26 ਲਈ ਨਗਰ ਨਿਗਮ ਪਟਿਆਲਾ ਦੀ ਕੁੱਲ ਆਮਦਨ 13906.20 ਲੱਖ ਰੁਪਏ ਪ੍ਰਵਾਨ ਕੀਤੀ ਗਈ, ਜਿਸ ਦੇ ਵਿਰੁੱਧ ਮਿਤੀ 31.12.2025 ਤੱਕ 9372.42 ਲੱਖ ਰੁਪਏ ਆਮਦਨ ਪ੍ਰਾਪਤ ਹੋਈ। ਇਸ ਸਾਲ ਦੇ ਅੰਤ 31 ਮਾਰਚ 2026 ਤੱਕ ਆਮਦਨ 15418.65 ਲੱਖ ਰੁਪਏ ਹੋਣ ਦੀ ਸੰਭਾਵਨਾ ਹੈ। ਜਿਸ ਕਾਰਨ ਸਾਲ 2025-26 ਦਾ ਆਮਦਨ ਬਜਟ ਰਿਵਾਈਜ ਕਰਕੇ 15418.65 ਲੱਖ ਕੀਤਾ ਗਿਆ ਹੈ। ਸਾਲ 2026-27 ਦੋਰਾਨ 16102.00 ਲੱਖ ਰੁਪਏ ਦਾ ਬਜਟ ਤਜਵੀਜ ਹੈ।<br><br>2. **ਬਜਟ ਦਾ ਮੁੱਖ ਬਿਓਰਾ:-** | ਨਗਰ ਨਿਗਮ, ਪਟਿਆਲਾ ਦਾ ਦਫਤਰ ਵਲੋਂ ਤਜਵੀਜਤ ਬਜਟ ਬਾਬਤ ਸਾਲ 2026-27 ਜਨਰਲ ਹਾਊਸ ਦੇ ਸਨਮੁੱਖ ਪੇਸ਼ ਕੀਤਾ ਗਿਆ। ਹਾਊਸ ਵਲੋਂ ਇਸ ਤੇ ਵਿਚਾਰ ਕੀਤਾ ਗਿਆ, ਵਿਚਾਰ ਵਟਾਂਦਰੇ ਉਪਰੰਤ ਹਾਊਸ ਵਲੋਂ ਇਸ ਬਜਟ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। |

ਨਗਰ ਨਿਗਮ ਪਟਿਆਲਾ ਵੱਲੋਂ ਬਜਟ ਸਾਲ 2026-27 ਲਈ ਕੁੱਲ ਮੱਦਾਂ ਤੋਂ ਹੋਣ ਵਾਲੀ ਆਮਦਨ 16102.00 ਲੱਖ ਰੁਪਏ ਤਜਵੀਜ ਕੀਤੀ ਗਈ ਹੈ। ਤਜਵੀਜ ਕੀਤੀ ਆਮਦਨ ਵਿੱਚੋਂ ਕੁੱਲ ਖਰਚ 17900.00 ਲੱਖ ਰੁਪਏ ਤਜਵੀਜ ਕੀਤਾ ਹੈ ਜਿਸ ਵਿੱਚੋਂ ਅਮਲੇ ਤੇ 12000.00 ਲੱਖ ਰੁਪਏ ਖਰਚ ਕਰਨਾ ਤਜਵੀਜ ਹੈ ਜੋ ਕਿ ਤਜਵੀਜ ਕੀਤੇ ਬਜਟ ਦਾ 67.03% ਹੈ। ਅਚਨਚੇਤੀ ਖਰਚੇ ਦੀ ਮੱਦ ਅਧੀਨ 550.00 ਲੱਖ ਰੁਪਏ ਜ਼ੋ ਕਿ ਤਜਵੀਜ ਕੀਤੇ ਬਜਟ ਦਾ 3.072% ਅਤੇ ਵਿਕਾਸ ਦੇ ਕੰਮਾਂ ਲਈ ਰਕਮ 5350.00 ਲੱਖ ਰੁਪਏ ਖਰਚਾ ਤਜਵੀਜ ਕੀਤਾ ਗਿਆ ਹੈ ਜ਼ੋ ਕਿ ਤਜਵੀਜ ਕੀਤੇ ਬਜਟ ਦਾ 29.88% ਬਣਦਾ ਹੈ। ਗੋਰਤੱਲਬ ਹੈ ਕਿ ਸਾਲ 2025-26 ਦੀ ਤਰਾਂ ਸਾਲ 2026-27 ਦੌਰਾਨ ਵੀ ਵਿਕਾਸ ਦੇ ਕੰਮਾ ਲਈ ਨਗਰ ਨਿਗਮ ਪਾਸ ਸਰਕਾਰ ਵਲੋਂ 15000.00 ਲੱਖ ਰੁਪਏ ਦੀਆ ਗਰਾਟਾਂ ਉਪਲੱਬਧ ਹੋਣਗੀਆ। ਜਿਸ ਵਿਚੋਂ ਗ੍ਰਾਂਟ ਨਾਲ ਬਹੁਤ ਸਾਰੇ ਹੋਰ ਸਬੰਧਤ ਵਿਕਾਸ ਕਾਰਜ ਬਜਟ ਵਿਚ ਕੀਤੇ ਆਪਣੇ ਵਸੀਲੀਆ ਦੀ ਆਮਦਨ ਤੋਂ ਇਲਾਵਾ ਕਰਵਾਏ ਜਾਣਗੇ। ਸਾਲ 2025-26 ਵਿਚ ਗ੍ਰਾਂਟਾਂ ਵਿਚੋਂ ਲਗਭਗ 70 ਕਰੋੜ ਖਰਚ ਕਰਨ ਦੀ ਉਮੀਦ ਹੈ।

**<u>ਆਮਦਨ:-</u>**

ਸਾਲ 2026-27 ਵਿੱਚ ਨਗਰ ਨਿਗਮ ਪਟਿਆਲਾ ਵੱਲੋਂ ਵੱਖ ਵੱਖ ਵਸੀਲਿਆਂ ਤੋਂ ਹੋਣ ਵਾਲੀ ਆਮਦਨ 16102.00 ਲੱਖ ਰੁਪਏ ਤਜਵੀਜ ਕੀਤੀ ਗਈ ਹੈ ਜਿਸਦਾ ਵਿਸਤਾਰਪੂਰਵਕ ਵੇਰਵਾ ਹੇਠ ਲਿਖੇ ਅਨੁਸਾਰ ਹੈ:–

1. **<u>ਪ੍ਰਾਪਰਟੀ ਟੈਕਸ ਅਤੇ ਏਰੀਅਰ ਆਫ ਹਾਊਸ ਟੈਕਸ:-</u>**

ਪ੍ਰਾਪਰਟੀ ਟੈਕਸ ਅਤੇ ਏਰੀਅਰ ਆਫ ਪ੍ਰਾਪਰਟੀ ਟੈਕਸ, ਏਰੀਅਰ ਆਫ ਹਾਊਸ ਟੈਕਸ ਲਈ ਮੱਦਾਂ ਅਧੀਨ ਸਾਲ 2025-26 ਦੇ ਬਜਟ ਵਿੱਚ ਸਰਕਾਰ ਵਲੋਂ 2650.00 ਲੱਖ ਰੁਪਏ ਦਾ ਉਪਬੰਧ

| | | | | |
|---|---|---|---|---|
| | | | ਪ੍ਰਵਾਨ ਕੀਤਾ ਗਿਆ ਸੀ, ਜਿਸ ਵਿਰੁੱਧ ਮਿਤੀ 31.12.25 ਤੱਕ ਪ੍ਰਾਪਰਟੀ ਟੈਕਸ, ਏਰੀਅਰ ਆਫ ਪ੍ਰਾਪਰਟੀ ਟੈਕਸ ਅਤੇ ਏਰੀਅਰ ਆਫ ਹਾਊਸ ਟੈਕਸ ਤੋ ਕੁੱਲ 2874.23 ਲੱਖ ਰੁਪਏ ਪ੍ਰਾਪਤ ਹੋਏ, ਜ਼ੋ ਕਿ ਪ੍ਰਵਾਨ ਕੀਤੇ ਗਏ ਬਜਟ ਦਾ 108.49% ਬਣਦਾ ਹੈ। ਮਿਤੀ 31.03.2026 ਤੱਕ ਕੁੱਲ 3174.23 ਲੱਖ ਰੁਪਏ ਇਸ ਮੱਦ ਅਧੀਨ ਪ੍ਰਾਪਤ ਹੋਣ ਦੀ ਆਸ ਹੈ। ਸਾਲ 2026-27 ਦੇ ਬਜਟ ਵਿੱਚ ਇਸ ਮੱਦ ਅਧੀਨ ਪ੍ਰਾਪਰਟੀ ਟੈਕਸ, ਏਰੀਅਰ ਆਫ ਪ੍ਰਾਪਰਟੀ ਟੈਕਸ ਅਤੇ ਏਰੀਅਰ ਆਫ ਹਾਊਸ ਟੈਕਸ ਲਈ 3000.00 ਲੱਖ ਰੁਪਏ ਦਾ ਬਜਟ ਵਿਚ ਉਪਬੰਧ ਕੀਤਾ ਜਾਂਦਾ ਹੈ।<br>2. **ਪੰਜਾਬ ਮਿਊਸਪਲ ਫੰਡ (ਜੀ.ਐਸ.ਟੀ ਸ਼ੇਅਰ) ਬਿਜਲੀ ਦੀ ਖਪਤ ਅਤੇ ਮਿਊਂਸਪਲ ਟੈਕਸ:-**<br><br>ਸਾਲ 2025-26 ਲਈ ਪੰਜਾਬ ਮਿਊਸਪਲ ਫੰਡ ਦੀ ਆਮਦਨ ਦਾ ਟੀਚਾ ਸਥਾਨਕ ਸਰਕਾਰ ਵਿਭਾਗ ਵਲੋਂ 6600.00 ਲੱਖ ਰੁਪਏ ਪ੍ਰਵਾਨ ਕੀਤਾ ਗਿਆ ਸੀ। ਮਿਤੀ 31—12—25 ਤੱਕ ਪੰਜਾਬ ਮਿਊਂਸਪਲ ਫੰਡ ਦੀ ਅਸਲ ਆਮਦਨ 3629.14 ਲੱਖ ਰੁਪਏ ਹੋਈ ਹੈ, ਜ਼ੋ ਕਿ ਪ੍ਰਵਾਨ ਕੀਤੇ ਬਜਟ ਦਾ 54.98% ਬਣਦਾ ਹੈ, 31 ਮਾਰਚ 2026 ਤੱਕ ਪੰਜਾਬ ਮਿਊਸਪਲ ਫੰਡ ਤੋਂ 2970.86 ਲੱਖ ਰੁਪਏ ਹੋਰ ਰਕਮ ਪ੍ਰਾਪਤ ਹੋਣ ਦੀ ਪੂਰੀ ਆਸ ਹੈ। ਸਾਲ 2026-27 ਦੇ ਬਜਟ ਵਿੱਚ ਪੰਜਾਬ ਮਿਊਂਸਪਲ ਫੰਡ ਸ਼ੇਅਰ ਦੀ ਆਮਦਨ ਮੱਦ ਅਧੀਨ 7200.00 ਲੱਖ ਰੁਪਏ ਦਾ ਉਪਬੰਧ ਕੀਤਾ ਜਾਂਦਾ ਹੈ।<br><br>ਸਾਲ 2025-26 ਦੋਰਾਨ ਪੀ.ਐਸ.ਪੀ.ਸੀ.ਐਲ ਤੋਂ ਮਿਊਸਪਲ ਟੈਕਸ ਦਾ ਸਰਕਾਰ ਵਲੋਂ 500.00 ਲੱਖ ਰੁਪਏ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ ਇਸ ਬਜਟ ਹੈਡ ਅਧੀਨ ਬਿਜਲੀ ਦੇ ਬਿਲਾਂ ਦੀ ਐਡਜਸਟਮੈਂਟ ਕੀਤੀ ਜਾਣੀ ਹੈ । ਬਿਜਲੀ ਤੇ ਮਿਊਸਪਲ ਟੈਕਸ ਮੱਦ ਅਧੀਨ ਸਾਲ 2026-27 ਲਈ 500.00 ਲੱਖ ਰੁਪਏ ਦਾ ਬਜਟ ਵਿਚ ਉਪਬੰਧ ਕੀਤਾ ਜਾਦਾ ਹੈ।<br>3. **ਐਡੀਸ਼ਨਲ ਐਕਸਾਈਜ ਡਿਊਟੀ:-** | |

ਐਡੀਸ਼ਨਲ ਐਕਸਾਈਜ਼ ਡਿਊਟੀ ਦੀ ਮੱਦ ਅਧੀਨ ਸਾਲ 2025-26 ਵਿੱਚ 200.00 ਲੱਖ ਰੁਪਏ ਦੇ ਪ੍ਰਵਾਨਤ ਟੀਚੇ ਵਿਰੁੱਧ 31-12-25 ਤੱਕ 0.00 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ। ਆਸ ਹੈ ਕਿ ਮਿਤੀ 31.03.2026 ਤੱਕ ਪੂਰੀ ਰਕਮ 200.00 ਲੱਖ ਰੁਪਏ ਪ੍ਰਾਪਤ ਹੋ ਜਾਣਗੇ। ਸਾਲ 2026-27 ਦੋਰਾਂਨ ਇਸ ਮੱਦ ਅਧੀਨ 500.00 ਲੱਖ ਰੁਪਏ ਦਾ ਉਪਬੰਦ ਕੀਤਾ ਗਿਆ ਹੈ।

4. **ਰੈਂਟ, ਲੀਜ ਅਤੇ ਟਰਾਸਫਰ ਆਫ ਪ੍ਰੋਪਰਾਈਟਰੀਰਾਇਟਸ**:—

ਸਾਲ 2025-26 ਵਿੱਚ ਇਸ ਮੱਦ ਅਧੀਨ 30.00 ਲੱਖ ਰੁਪਏ ਦਾ ਉਪਬੰਧ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ। ਜਿਸ ਵਿੱਚ ਮਿਤੀ 31.12.2025 ਤੱਕ 39.24 ਲੱਖ ਰੁਪਏ ਪ੍ਰਾਪਤ ਹੋਈ ਹੈ, ਕਿਉਂਕਿ ਵਧੇਰੇ ਕਬਜਾ ਧਾਰਕਾਂ ਵਲੋਂ ਇਸ ਸਾਲ ਪੋਜੈਸਨ ਲੈਣ ਲਈ ਰਕਮ ਜਮਾਂ ਨਹੀਂ ਕਰਵਾਈ ਗਈ ਸਾਲ 2026-27 ਦੋਰਾਨ ਇਹ ਬਜਟ ਟੀਚਾ ਰਿਵਾਇਜ ਕਰਕੇ 55.00 ਲੱਖ ਕੀਤਾ ਗਿਆ ਹੈ।

5. **ਪਾਰਕਿੰਗ**:-

ਸਾਲ 2025-26 ਵਿੱਚ ਇਸ ਮੱਦ ਅਧੀਨ 3.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਰੁੱਧ ਮਿਤੀ 31.12.2025 ਤੱਕ 7.65 ਲੱਖ ਰੁਪਏ ਆਮਦਨ ਪ੍ਰਾਪਤ ਹੋਈ, ਜ਼ੋ ਕਿ ਰੱਖੇ ਗਏ ਬਜਟ ਦਾ 255.00% ਬਣਦਾ ਹੈ। ਮਿਤੀ 31.03.2026 ਤੱਕ ਇਸ ਮੱਦ ਅਧੀਨ 9.15 ਲੱਖ ਰੁਪਏ ਕੁੱਲ ਆਮਦਨ ਹੋਣ ਦੀ ਸੰਭਾਵਨਾ ਹੈ। ਸਾਲ 2026-27 ਵਿੱਚ ਇਸ ਮੱਦ ਅਧੀਨ 12.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਜਾਂਦਾ ਹੈ।

6. **ਬਿਲਡਿੰਗ ਐਪਲੀਕੇਸ਼ਨ ਫੀਸ:—**

| | | | | |
|---|---|---|---|---|
| | | | ਇਸ ਮੱਦ ਅਧੀਨ ਸਾਲ 2025-26 ਦੇ ਬਜਟ ਵਿੱਚ 1800.00 ਲੱਖ ਰੁਪਏ ਦਾ ਟੀਚਾ ਪ੍ਰਵਾਨ ਕੀਤਾ ਗਿਆ ਸੀ। ਮਿਤੀ 31.12.2025 ਤੱਕ 1474.24 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਜ਼ੋ ਕਿ ਰੱਖੇ ਗਏ ਬਜਟ ਦਾ 81.90% ਬਣਦਾ ਹੈ। ਇਸ ਮੱਦ ਅਧੀਨ ਮਿਤੀ 31.03.2025 ਤੱਕ 2724.24 ਲੱਖ ਰੁਪਏ ਆਮਦਨ ਪ੍ਰਾਪਤ ਹੋਣ ਦੀ ਆਸ ਹੈ। ਸਾਲ 2026-27 ਵਿੱਚ ਇਸ ਮੱਦ ਅਧੀਨ 2600.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਜਾਂਦਾ ਹੈ।<br><br>7. **<u>ਵਾਟਰ ਸਪਲਾਈ ਅਤੇ ਸੀਵਰੇਜ:-</u>**<br><br>ਸਾਲ 2025-26 ਵਿੱਚ ਨਗਰ ਨਿਗਮ ਵੱਲੋਂ ਇਸ ਮੱਦ ਅਧੀਨ 1050.00ਲੱਖ ਰੁਪਏ ਦਾ ਉਪਬੰਧ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ । ਮਿਤੀ 31.12.2025 ਤੱਕ ਅਸਲ ਆਮਦਨ 642.15 ਲੱਖ ਰੁਪਏ ਹੋਈ ਹੈ, ਜ਼ੋ ਕਿ ਰੱਖੇ ਗਏ ਬਜਟ ਦਾ 61.15%ਬਣਦਾ ਹੈ ਅਤੇ ਆਸ ਹੈ ਮਿਤੀ 31.03.2026 ਤੱਕ ਇਸ ਮੱਦ ਅਧੀਨ 1100.00 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋ ਜਾਵੇਗੀ। ਸਾਲ 2026-27 ਦੋਰਾਨ ਇਸ ਮੱਦ ਅਧੀਨ 1250.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।<br><br>8. **<u>ਐਡਵਰਟਾਇਜਮੈਂਟ ਟੈਕਸ:—</u>**<br><br>ਸਾਲ 2025-26 ਵਿੱਚ ਸਰਕਾਰ ਵੱਲੋਂ ਇਸ ਮੱਦ ਅਧੀਨ 540.00 ਲੱਖ ਰੁਪਏ ਦੀ ਆਮਦਨ ਦਾ ਟੀਚਾ ਪ੍ਰਵਾਨ ਗਿਆ ਸੀ। ਜਿਸ ਦੇ ਵਿਰੁੱਧ ਮਿਤੀ 31.12.2025 ਤੱਕ 329.79 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ ਜ਼ੋ ਕਿ ਰੱਖੇ ਗਏ ਬਜਟ ਦਾ 61.07% ਬਣਦਾ ਹੈ ਅਤੇ ਇਸ ਮੱਦ ਅਧੀਨ ਮਿਤੀ 31.03.2025 ਤੱਕ 540.00 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਸਾਲ 2026-27 ਵਿਚ ਇਸ ਮੱਦ ਅਧੀਨ 600.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਜਾਂਦਾ ਹੈ।<br><br>9. **<u>ਡੋਨੇਸ਼ਨ</u>:-** | |

| | | | | | |
|---|---|---|---|---|---|
| | | | ਸਾਲ 2025-26 ਦੇ ਬਜਟ ਵਿਚ ਡੋਨੇਸ਼ਨ ਦਾ ਉਪਬੰਧ ਰੱਖਿਆ ਗਿਆ ਸੀ ਮਿਤੀ 31.12.2025 ਤੱਕ ਇਸ ਮੱਦ ਅਧੀਨ ਕੋਈ ਰਕਮ ਪ੍ਰਾਪਤ ਨਹੀ ਹੋਈ। ਹੁਣ ਸਾਲ 2026-27ਦੋਰਾਨ ਵੀ ਇਸ ਹੈਡ ਦਾ ਉਪਬੰਧ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਨਾਗਰਿਕ ਨਗਰ ਨਿਗਮ ਨੂੰ ਕੁਝ ਰਕਮ ਡੋਨੇਟ ਕਰਨਾ ਚਾਹੁੰਦਾ ਹੈ ਤਾਂ ਉਹ ਰਕਮ ਇਸ ਮੱਦ ਅਧੀਨ ਪ੍ਰਾਪਤ ਕੀਤੀ ਜਾਵੇਗੀ।<br><br>10. **<u>ਸਮਝੋਤਾ ਫੀਸ ਅਤੇ ਰੋਡ ਕੰਟਿਗ:-</u>**<br><br>ਸਾਲ 2025-26 ਦੋਰਾਨ ਸਮਝੋਤਾ ਫੀਸ ਅਧੀਨ 13.00 ਲੱਖ ਰੁਪਏ ਦਾ ਉਪਬੰਧ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਰੁੱਧ ਮਿਤੀ 31.12.2025 ਤੱਕ 2.20 ਲੱਖ ਰੁਪਏ ਪ੍ਰਾਪਤ ਹੋਏ ਹਨ ਅਤੇ ਮਿਤੀ 31.03.2026 ਤੱਕ 3.20 ਲੱਖ ਰੁਪਏ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਸਾਲ 2026-27 ਦੋਰਾਨ ਇਸ ਮੱਦ ਅਧੀਨ 3.00 ਲੱਖ ਰੁਪਏ ਦਾ ਬਜਟ ਉਪਬੰਧ ਰੱਖਿਆ ਗਿਆ ਹੈ।<br><br>ਬਜਟ ਸਾਲ 2025-26 ਵਿਚ  ਰੋਡ ਕੰਟਿਗ ਮੱਦ ਅਧੀਨ 100.00 ਲੱਖ ਦੇ ਉਪਬੰਧ ਵਿਰੁੱਧ ਮਿਤੀ 31.12.2025 ਤੱਕ 142.33 ਲੱਖ ਰੁਪਏ ਪ੍ਰਾਪਤ ਹੋਏ ਹਨ ਜੋ ਇਸ ਮੱਦ ਅਧੀਨ ਪ੍ਰਵਾਨਤ ਬਜਟ ਦਾ 142.33% ਬਣਦਾ ਹੈ। ਇਸ ਸਾਲ ਦੇ ਅੰਤ ਤੱਕ ਕੁੱਲ 162.33 ਲੱਖ ਰੁਪਏ ਦੀ ਆਮਦਨ ਪ੍ਰਾਪਤ ਕੀਤੀ ਜਾਵੇਗੀ। ਸਾਲ 2026-27 ਦੋਰਾਨ ਇਸ ਮੱਦ ਅਧੀਨ 20.00 ਲੱਖ ਰੁਪਏ ਦਾ ਬਜਟ ਉਪਬੰਧ ਰੱਖਿਆ ਗਿਆ ਹੈ।<br>11. **<u>ਸਟਰੀਟ ਵੈਂਡਰ:-</u>**<br><br>ਸਾਲ 2025-26 ਵਿੱਚ ਇਸ ਮੱਦ ਅਧੀਨ 22.00 ਲੱਖ ਰੁਪਏ ਦਾ ਬਜਟ ਉਪਬੰਧ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਰੁੱਧ ਮਿਤੀ 31.12.2025 ਤੱਕ 17.32 ਲੱਖ ਰੁਪਏ ਆਮਦਨ ਪ੍ਰਾਪਤ ਹੋਈ, ਜ਼ੋ ਕਿ ਰੱਖੇ ਗਏ ਬਜਟ ਦਾ 78.72% ਬਣਦਾ ਹੈ। ਮਿਤੀ 31.03.2026 ਤੱਕ | |

| | | | | |
|---|---|---|---|---|
| | | | 22.82 ਲੱਖ ਰੁਪਏ ਇਸ ਮੱਦ ਅਧੀਨ ਕੁੱਲ ਆਮਦਨ ਹੋਣ ਦੀ ਸੰਭਾਵਨਾ ਹੈ। ਸਾਲ 2026-27 ਵਿੱਚ ਇਸ ਮੱਦ ਅਧੀਨ 25.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਜਾਂਦਾ ਹੈ।<br><br>**12. <u>ਹੋਰ ਮੱਦਾ</u>:-**<br><br>ਉਕਤ ਮੱਦਾ ਤੋਂ ਇਲਾਵਾ ਸਾਲ 2025-26 ਵਿੱਚ ਲਾਇਸੈਂਸ ਫੀਸ (100.00 ਲੱਖ), ਸ਼ੋ ਟੈਕਸ ਅਤੇ ਮਨੋਰੰਜਨ ਟੈਕਸ (3.20 ਲੱਖ) ਕੁੱਲ 103.20 ਲੱਖ ਦਾ ਉਪਬੱਧ ਕੀਤਾ ਗਿਆ ਸੀ ਜਿਨਾ ਦੇ ਵਿਰੁੱਧ ਮਿਤੀ 31.12.2025 ਤੱਕ ਕੁੱਲ 20.39 ਲੱਖ ਆਮਦਨ ਪ੍ਰਾਪਤ ਹੋਈ ਹੈ ਅਤੇ ਇਹਨਾ ਮੱਦਾ ਵਿਰੁੱਧ ਮਿਤੀ 31.03.2026 ਤੱਕ 35.89 ਲੱਖ ਪ੍ਰਾਪਤ ਹੋਣ ਦੀ ਆਸ ਹੈ ਸਾਲ 2026-27 ਲਈ ਇਹਨਾ ਮੱਦਾ ਅਧੀਨ ਵਿੱਚ ਲਾਇਸੈਂਸ ਫੀਸ (40.00 ਲੱਖ), ਸ਼ੋ ਟੈਕਸ ਅਤੇ ਮਨੋਰੰਜਨ ਟੈਕਸ (2.00 ਲੱਖ) ਕੁੱਲ 42.00 ਲੱਖ ਰੁਪਏ ਦਾ ਉਪਬੱਧ ਕੀਤਾ ਜਾਂਦਾ ਹੈ।<br><br>ਇਸ ਤੋਂ ਇਲਾਵਾ ਗਊ ਸੈਸ, ਟੈਂਡਰ ਫੀਸ, ਸਲਾਟਰ ਹਾਊਸ, ਲਾਇ੍ਬੇਰੀ ਫੀਸ,ਮੁਰਦਾ ਡੰਗਰ ਤੋ ਆਮਦਨ ਅਤੇ ਪਲਾਟ ਰੈਗੁਲੇਸ਼ਨ ਫੀਸ ਆਦਿ ਲਈ ਇਹਨਾਂ ਮੱਦਾ ਅਧੀਨ ਸਾਲ 2025-26 ਲਈ 295.00 ਲੱਖ ਰੁਪਏ ਦਾ ਉਪਬੰਧ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ ਅਤੇ ਜਿਸ ਵਿਰੁੱਧ ਮਿਤੀ 31.12.25 ਤੱਕ 193.74 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ, ਜ਼ੋ ਕਿ ਰੱਖੇ ਗਏ ਬਜਟ ਦਾ 65.67% ਬਣਦਾ ਹੈ ਅਤੇ ਮਿਤੀ 31.03.2026 ਤੱਕ ਇਹਨਾ ਮੱਦਾ ਅਧੀਨ 292.55 ਲੱਖ ਆਮਦਨ ਪ੍ਰਾਪਤ ਹੋਣ ਦੀ ਆਸ ਹੈ ਸਾਲ 2026-27 ਦੇ ਬਜਟ ਵਿਚ ਇਹਨਾਂ ਮੱਦਾ ਅਧੀਨ 295.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।<br><br>**<u>ਖਰਚਾ</u>:-** | |

| | | | | |
|---|---|---|---|---|
| | | | ਸਾਲ 2025-26 ਵਿੱਚ ਨਗਰ ਨਿਗਮ ਪਟਿਆਲਾ ਵੱਲੋਂ ਅਮਲਾ, ਕੰਟੀਜੈਂਸੀ ਅਤੇ ਵਿਕਾਸ ਦੇ ਕੰਮਾਂ ਤੇ ਕੁੱਲ ਖਰਚਾ 17900.00 ਹੀ ਤਜਵੀਜ ਕੀਤਾ ਜਾਂਦਾ ਹੈ:–<br><br>1. **<u>ਅਮਲਾ</u>:-**<br><br>ਸਾਲ 2025-26 ਵਿੱਚ ਇਸ ਮੱਦ ਅਧੀਨ ਸਰਕਾਰ ਵਲੋ 10863.00 ਲੱਖ ਰੁਪਏ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਦੇ ਵਿਰੁੱਧ ਮਿਤੀ 31.12.2025 ਤੱਕ 8004.79 ਲੱਖ ਰੁਪਏ ਦਾ ਖਰਚਾ ਹੋਇਆ ਹੈ ਅਤੇ ਮਿਤੀ 31.03.2026 ਤੱਕ ਇਸ ਮੱਧ ਅਧੀਨ 11125.95 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ।ਸਾਲ 2026-27 ਵਿੱਚ ਅਮਲੇ ਲਈ 12000.00 ਲੱਖ ਰੁਪਏ ਦਾ ਬਜਟ ਵਿਚ ਉਪਬੰਧ ਕੀਤਾ ਜਾਂਦਾ ਹੈ।<br><br>2. **<u>ਅਚਨਚੇਤੀ ਖਰਚਾ</u>:-**<br><br>ਇਸ ਮੱਦ ਅਧੀਨ ਪੈਟਰੋਲ-ਡੀਜ਼ਲ, ਸਟੇਸ਼ਨਰੀ, ਟੈਲੀਫੋਨ ਬਿੱਲ, ਹੋਸਪੀਟੇਲਟੀ ਆਦਿ ਮਾਈਨਰ ਹੈੱਡ ਆਉਂਦੇ ਹਨ। ਸਾਲ 2025-26 ਦੇ ਬਜਟ ਵਿੱਚ ਇਸ ਮੱਦ ਅਧੀਨ 446.83 ਲੱਖ ਰੁਪਏ ਦਾ ਉਪਬੰਧ ਪ੍ਰਵਾਨ ਕੀਤਾ ਗਿਆ ਸੀ ਮਿਤੀ 31.12.2025 ਤੱਕ 162.21 ਲੱਖ ਰੁਪਏ ਖਰਚ ਹੋਇਆ ਹੈ ਅਤੇ ਮਿਤੀ 31.03.2026 ਤੱਕ ਇਸ ਮੱਧ ਅਧੀਨ 221.70 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2026-27 ਦੌਰਾਨ ਇਸ ਮੱਦ ਅਧੀਨ ਖਰਚਾ 550.00 ਲੱਖ ਰੁਪਏ ਤਜਵੀਜ ਕੀਤਾ ਜਾਂਦਾ ਹੈ।<br><br>3. **<u>ਵਿਕਾਸ ਦੇ ਕੰਮ:-</u>**<br><br>ਇਸ ਮੱਦ ਅਧੀਨ ਸੜਕਾਂ, ਵਾਟਰ ਸਪਲਾਈ ਲਾਈਨਾਂ, ਸੀਵਰੇਜ, ਪਾਰਕਾਂ ਦਾ ਰੱਖ ਰਖਾਵ, ਸਟਰੀਟ ਲਾਈਟ ਸਟੋਰਜ਼ ਆਦਿ ਮਾਈਨਰ ਹੈੱਡ ਆਉਂਦੇ ਹਨ। ਸਾਲ 2025-26 ਲਈ ਵਿਕਾਸ ਦੀਆ | |

| | | | | |
|---|---|---|---|---|
| | | | ਮੱਦਾ ਅਧੀਨ ਸਰਕਾਰ ਵਲੋਂ ਇਸ ਮੱਦ ਅਧੀਨ 3309.37 ਲੱਖ ਰੁਪਏ ਦਾ ਉਪਬੰਧ ਪ੍ਰਵਾਨ ਕੀਤਾ ਗਿਆ ਸੀ। ਇਸ ਮੱਦ ਅਧੀਨ ਮਿਤੀ 31.12.2025 ਤੱਕ ਕੁੱਲ 1413.67 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 2026-27 ਦੇ ਬਜਟ ਵਿੱਚ ਵਿਕਾਸ ਦੇ ਮੱਦਾ ਅਧੀਨ 5350.00 ਲੱਖ ਰੁਪਏ ਖਰਚ ਦਾ ਉਪਬੰਧ ਕੀਤਾ ਗਿਆ ਹੈ। ਸਾਲ 2026-27 ਵਿਚ ਗ੍ਰਾਂਟਾਂ ਵਿਚੋਂ ਲਗਭਗ 15000.00 ਲੱਖ ਖਰਚ ਕਰਨ ਦੀ ਉਮੀਦ ਹੈ।<br><br>ਇਸ ਤੋਂ ਇਲਾਵਾ ਬਜਟ ਸਾਲ 2026-27 ਵਿੱਚ ਮਿਊਂਸਪਲ ਅਕਾਊਟਿੰਗ ਮੈਨੂਅਲ ਤਹਿਤ **Re-appropriation** (ਮਾਇਨਰ ਹੈਡ ਟੂ ਮਾਈਨਰ ਹੈਡ) ਕੀਤੀ ਜਾਣੀ ਹੈ ਜਿਸ ਲਈ ਅਧਿਕਾਰਿਤ ਨਗਰ ਨਿਗਮ ਹੈ।<br><br>ਉਪਰੋਕਤ 2026-27 ਦੇ ਬਜਟ ਤਜਵੀਜ਼ ਵਿੱਚ ਹੇਠ ਲਿਖੇ ਅਨੁਸਾਰ ਵਿੱਤੀ ਸਥਿਤੀ ਹੋਣ ਦੀ ਸੰਭਾਵਨਾ ਹੈ:–<br><br>4. **ਬਜਟ ਸਾਰ ਸਾਲ 2026-27:-**<br><br>ਮਿਤੀ 01—04—2026 ਨੂੰ ਸੰਭਾਵਿਤ ਮੁੱਢਲਾ ਬਕਾਇਆ 2623.34 ਲੱਖ ਰੁਪਏ<br><br>ਸਾਲ 2026—27 ਦੀ ਸੰਭਾਵਿਤ ਆਮਦਨ 16102.00 ਲੱਖ ਰੁਪਏ<br><br>**ਕੁੱਲ ਜੋੜ 18725.34 ਲੱਖ ਰੁਪਏ**<br><br>**ਸਾਲ 2026-27 ਦੌਰਾਨ ਹੋਣ ਵਾਲਾ ਤਜਵੀਜ ਖਰਚਾ:-**<br><br>ਅਮਲਾ 12000.00 ਲੱਖ ਰੁਪਏ | |

| | | | | | |
|---|---|---|---|---|---|
| | | | ਅਚਨਚੇਤੀ ਖਰਚਾ 550.00 ਲੱਖ ਰੁਪਏ<br><br>ਵਿਕਾਸ ਦੇ ਕੰਮਾਂ ਤੇ ਖਰਚਾ <u>5350.00 ਲੱਖ ਰੁਪਏ</u><br><br>**ਕੁੱਲ ਜੋੜ** **<u>17900.00 ਲੱਖ ਰੁਪਏ</u>**<br><br>ਮਿਤੀ 31.03.2027 ਨੂੰ ਸੰਭਾਵਿਤ ਅੰਤਿਮ ਬਕਾਇਆ 825.34 ਲੱਖ ਰੁਪਏ<br><br>ਉਕਤ ਤਜਵੀਜ਼ ਬਜਟ ਬਾਬਤ ਸਾਲ 2026-27 ਨਗਰ ਨਿਗਮ ਦੀ ਜਨਰਲ ਹਾਊਸ ਦੀ ਇਕੱਤਰਤਾ ਵਿੱਚ ਵਿਚਾਰ/ਪ੍ਰਵਾਨਗੀ ਲਈ ਰਾਹੀਂ ਕਮਿਸ਼ਨਰ, ਨਗਰ ਨਿਗਮ ਪਟਿਆਲਾ ਜਨਰਲ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |

ਮੇਅਰ
ਨਗਰ ਨਿਗਮ ਪਟਿਆਲਾ